ਪੰਜਾਬੀ ਯੂਨੀਵਰਸਿਟੀ , ਪਟਿਆਲਾ
1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ
(ਕੰਨਫੀਡੈਂਸ਼ਲ ਬ੍ਰਾਂਚ )

ਨੰਬਰ 101—297 ਕਨਫੀਡੈਂਸ਼ਲ
ਮਿਤੀ 05/12/22

ਪ੍ਰਿੰਸੀਪਲ,

ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬ

ਵਿਸ਼ਾ: ਦਸੰਬਰ, 2022 ਦੀਆਂ ਸਮੈਸਟਰ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰਾਂ ਦੀ ਸਪਲਾਈ ਕਰਨ ਸਬੰਧੀ ।

ਸ੍ਰੀਮਾਨ /ਸ੍ਰੀਮਤੀ ਜੀ,

ਯੂਨੀਵਰਸਿਟੀ ਦੀਆਂ ਅੰਡਰ-ਗ੍ਰੈਜੂਏਟ/ਪੋਸਟ-ਗ੍ਰੈਜੂਏਟ (ਪਹਿਲੇ ਸਮੈਸਟਰ ਅਤੇ ਲਾਅ ਕੋਰਸਾਂ ਨੂੰ ਛੱਡ ਕੇ) ਪੱਧਰ ਦੀਆਂ ਦਸੰਬਰ, 2022 ਦੀਆਂ ਸਮੈਸਟਰ ਪ੍ਰੀਖਿਆਵਾਂ ਮਿਤੀ 14-12-2022 ਤੋਂ ਸ਼ੁਰੂ ਹੋ ਰਹੀਆਂ ਹਨ। ਇਨਾਂ ਪ੍ਰੀਖਿਆਵਾਂ ਲਈ ਪ੍ਰਸ਼ਨ-ਪੱਤਰ ਅਤੇ ਸਬੰਧਿਤ ਸਮੱਗਰੀ ਮਿਤੀ 12-12-2022 ਅਤੇ 13-12-2022 ਨੂੰ ਆਪ ਜੀ ਦੇ ਕਾਲਜ ਵਿਚ ਭੇਜੀ ਜਾਵੇਗੀ। ਕਿਰਪਾ ਕਰਕੇ ਆਪਣੇ ਕਾਲਜ ਦੇ ਸਬੰਧਤ ਕਰਮਚਾਰੀ ਨੂੰ ਇਸ ਦਿਨ ਦਫ਼ਤਰੀ ਸਮੇਂ ਤੋਂ ਬਾਅਦ ਵੀ ਕਾਲਜ ਵਿਚ ਹੀ ਹਾਜਰ ਰਹਿਣ ਲਈ ਹਦਾਇਤ ਕਰਨੀ ਤਾਂ ਜੋ ਪ੍ਰਸ਼ਨ-ਪੱਤਰ ਅਤੇ ਹੋਰ ਸਬੰਧਿਤ ਸਮੱਗਰੀ ਦੇਣ ਵਿਚ ਕੋਈ ਮੁਸ਼ਕਲ ਨਾ ਆਵੇ ।

ਜਰੂਰੀ ਨੋਟ:-

1. ਯੂਨੀਵਰਸਿਟੀ ਵਲੋਂ ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ-ਪੱਤਰਾਂ ਦੇ ਪੈਕਟ ਇਕ ਤੋਂ ਵੱਧ ਗਿਣਤੀ ਵਿਚ ਭੇਜੇ ਜਾਂਦੇ ਹਨ ਤਾਂ ਦੂਜਾ ਪੈਕਟ ਵਿਦਿਆਰਥੀਆਂ ਦੀ ਗਿਣਤੀ ਦੇ ਸਨਮੁੱਖ ਲੋੜ ਪੈਣ ਤੇ ਹੀ ਖੋਲ੍ਹਿਆ ਜਾਵੇ। ਇਹ ਸਪੱਸ਼ਟ ਹੈ ਕਿ ਵਾਧੂ ਬਚਿਆ ਪੈਕਟ Intact (ਸੀਲਡ ਅਵਸਥਾ) ਯੂਨੀਵਰਸਿਟੀ ਨੂੰ ਵਾਪਸ ਕੀਤਾ ਜਾਵੇ। ਇਸ ਤੋਂ ਇਲਾਵਾ ਜੇਕਰ ਕਿਸੇ ਹੋਰ ਸੈਂਟਰ ਦਾ ਪ੍ਰਸ਼ਨ ਪੱਤਰ ਦਾ ਪੈਕਟ ਆਪ ਜੀ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਹ ਤੁਰੰਤ ਯੂਨੀਵਰਸਿਟੀ ਨੂੰ ਵਾਪਸ ਕੀਤਾ ਜਾਵੇ।
2. ਪ੍ਰਸ਼ਨ-ਪੱਤਰਾਂ ਦੇ ਪੈਕਟ ਉਪਰ ਨੰਬਰ ਅਤੇ ਪੇਪਰ ਦਾ Nomenclature ਲਿਖੇ ਹੋਏ ਹਨ। ਇਹ ਨੰਬਰ ਅਤੇ Nomenclature, ਡੇਟ-ਸ਼ੀਟ ਵਿਚ ਵੀ ਦਰਸਾਏ ਗਏ ਹਨ। ਸੈਂਟਰ -ਸੁਪਰਡੈਂਟ ਨੂੰ ਇਹ ਸਪੱਸ਼ਟ ਹਦਾਇਤ ਕੀਤੀ ਜਾਵੇ ਕਿ ਪ੍ਰੀਖਿਆਵਾਂ ਵਾਲੇ ਦਿਨ ਪ੍ਰਸ਼ਨ-ਪੱਤਰਾਂ ਦਾ ਲਿਫਾਫਾ ਡੇਟ-ਸ਼ੀਟ/ਕੱਟ ਲਿਸਟ ਨਾਲ ਮਿਲਾਏ ਬਿਨਾਂ ਨਾ ਖੋਲਣ।
3. ਪ੍ਰੀਖਿਆ ਫਾਰਮ ਵਿਚ ਵਿਦਿਆਰਥੀਆਂ ਵੱਲੋਂ ਜਿਹੜੀ ਆਪਸ਼ਨ ਭਰੀ ਗਈ ਹੈ ਉਸੇ ਮੁਤਾਬਿਕ ਪ੍ਰਸ਼ਨ-ਪੱਤਰ ਭੇਜੇ ਜਾ ਰਹੇ ਹਨ ਜੀ ।
4. ਪ੍ਰਸ਼ਨ-ਪੱਤਰਾਂ ਦਾ ਇੰਚਾਰਜ ਇਹ ਯਕੀਨੀ ਬਣਾਏਗਾ ਕਿ ਉਸਦੇ ਕਾਲਜ ਦੇ ਵਿਚ ਹੋਣ ਵਾਲੇ ਪਰਚੇ ਉਸ ਕੋਲ ਉਪਲੱਬਧ ਹੋ ਗਏ ਹਨ। ਕਿਸੇ ਪਰਚੇ ਦੇ ਨਾ ਪ੍ਰਾਪਤ ਹੋਣ ਦੀ ਸੂਰਤ ਵਿਚ ਪਰਚਾ ਹੋਣ ਵਾਲੇ ਦਿਨ ਤੋਂ ਘੱਟੋ-ਘੱਟ ਦੋ ਦਿਨ ਪਹਿਲਾਂ ਯੂਨੀਵਰਸਿਟੀ ਨੂੰ ਹੇਠ ਲਿਖੇ ਨੰਬਰ ਤੇ ਸੂਚਿਤ ਕੀਤਾ ਜਾਵੇ ਅਤੇ ਇਨ੍ਹਾਂ ਨੰਬਰਾਂ ਤੋਂ ਇਲਾਵਾ ਪ੍ਰੀਖਿਆ ਸ਼ਾਖਾ ਦੇ ਸਬੰਧਿਤ ਸੈਂਟ ਨਾਲ ਵੀ ਗੱਲ ਕੀਤੀ ਜਾ ਸਕਦੀ ਹੈ ਤਾਂ ਜੋ ਇਸ ਨੂੰ ਵਕਤ ਸਿਰ ਉਪਲਬਧ ਕਰਵਾਇਆ ਜਾ ਸਕੇ।

**95013-48255, 97812-49697, 94786-83563**

35/ਕੰਨਫੀ.
05/12/2022

ਵਿਸਵਾਸ਼ਪਾਤਰ,

G Singh 5/12/22

ਕੰਟਰੋਲਰ (ਪ੍ਰੀਖਿਆਵਾਂ)